# *Oxyzo Financial Service Limited*

# *ਗੋਪਨੀਯਤਾ ਨੀਤੀ*

## *ਸੰਸਕਰਣ - 2.0*

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

## *ਸਮੀਖਿਆ ਅਤੇ ਮਨਜ਼ੂਰੀ ਸੰਬੰਧੀ ਅਥਾਰਿਟੀ*

| **ਅਥਾਰਿਟੀ** | **ਅਹੁਦਾ** |
|---|---|
| ਇਸ ਦੁਆਰਾ ਤਿਆਰ ਕੀਤਾ | |
| ਇਸ ਦੁਆਰਾ ਸਮੀਖਿਆ ਕੀਤੀ ਗਈ | |
| ਇਸ ਦੁਆਰਾ ਮਨਜ਼ੂਰ ਕੀਤਾ | |

## *ਸੰਸਕਰਣ ਦਾ ਵਿਵਰਣ*

| ***ਸੰਸਕਰਣ*** | ***ਜਾਰੀ ਕਰਨ ਦੀ ਮਿਤੀ*** | ***ਸੰਖੇਪ ਵਿਵਰਣ*** |
|---|---|---|
| *1.0* | *18-07-2023* | *ਗੋਪਨੀਯਤਾ ਨੀਤੀ ਨਾਮ ਨਾਲ ਬਣਾਇਆ ਗਿਆ ਅਤੇ ਆਪਰੇਸ਼ਨਲ ਕਮੇਟੀ ਦੁਆਰਾ ਸਮੀਖਿਆ ਕੀਤੀ ਗਈ* |
| *1.0* | *22-07-2023* | *ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਨੋਟ ਕੀਤਾ ਗਿਆ* |
| *2.0* | *3-10-2025* | *DPDPA 2023 ਅਨੁਸਾਰ ਅੱਪਡੇਟ ਕੀਤਾ ਗਿਆ* |
| | | |
| | | |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

# ਤਤਕਰਾ ਸਾਰਣੀ


1. ਜਾਣ-ਪਛਾਣ ........ 04
2. ਵਿਅਕਤੀਗਤ ਡੇਟਾ ਜੋ ਅਸੀਂ ਇਕੱਤਰ ਕਰਦੇ ਹਾਂ ........ 04
3. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਵਰਤੋਂ ਕਿਵੇਂ ਅਤੇ ਕਿਹੜੇ ਆਧਾਰਾਂ 'ਤੇ ਕਰਦੇ ਹਾਂ ........ 06
4. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦਾ ਖੁਲਾਸਾ/ਸਾਂਝਾ ਕਿਵੇਂ ਕਰਦੇ ਹਾਂ ........ 08
5. ਅਸੀਂ ਤੁਹਾਡਾ ਵਿਅਕਤੀਗਤ ਡੇਟਾ ਕਿੰਨੇ ਸਮੇਂ ਲਈ ਸਟੋਰ ਕਰਦੇ ਹਾਂ ........ 09
6. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਰੱਖਿਆ ਕਿਵੇਂ ਕਰਦੇ ਹਾਂ ........ 09
7. ਤੁਹਾਡੇ ਗੋਪਨੀਯਤਾ ਅਧਿਕਾਰ ਅਤੇ ਚੋਣਾਂ ........ 09
8. ਅੰਤਰਰਾਸ਼ਟਰੀ ਡੇਟਾ ਟ੍ਰਾਂਸਫਰ ........ 10
9. *ਬੱਚਿਆਂ ਦੀ ਗੋਪਨੀਯਤਾ। ........ 11*
10. *ਇਸ ਗੋਪਨੀਯਤਾ ਨੀਤੀ ਵਿੱਚ ਬਦਲਾਵ। ........ 11*
11. *ਸਾਡੇ ਨਾਲ ਸੰਪਰਕ ਕਰੋ ........ 11*



*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

## *1. ਜਾਣ-ਪਛਾਣ*

*ਇਹ ਗੋਪਨੀਯਤਾ ਨੀਤੀ (ਇਸ ਤੋਂ ਬਾਅਦ, "ਨੀਤੀ") ਉਸ ਵਿਅਕਤੀਗਤ ਡੇਟਾ (ਜਿਸ ਨੂੰ ਵਿਅਕਤੀਗਤ ਡੇਟਾ ਵੀ ਕਿਹਾ ਜਾਂਦਾ ਹੈ) ਨੂੰ ਕਵਰ ਕਰਦੀ ਹੈ ਜਿਸ ਨੂੰ Oxyzo Financial Services Limited, ਇਸ ਦੀ ਸਹਿਯੋਗੀ ਅਤੇ ਅਫੀਲੀਏਟ (ਇਸ ਤੋਂ ਬਾਅਦ, "ਕੰਪਨੀ", "ਅਸੀਂ", "ਸਾਡਾ", ਜਾਂ "ਸਾਨੂੰ") ਤੁਹਾਡੇ ਬਾਰੇ ਇਕੱਤਰ ਕਰ ਸਕਦੇ ਹਨ, ਸਟੋਰ ਕਰ ਸਕਦੇ ਹਨ, ਵਰਤੋਂ ਕਰ ਸਕਦੇ ਹਨ, ਦੱਸ ਸਕਦੇ ਹਨ ਅਤੇ ਪ੍ਰੋਸੈਸ ਕਰ ਸਕਦੇ ਹਨ, ਨਾਲ ਹੀ ਜਦੋਂ ਕੰਪਨੀ ਅਜਿਹੇ ਵਿਅਕਤੀਗਤ ਡੇਟਾ ਵਾਸਤੇ ਕੰਟਰੋਲਰ ਦੇ ਤੌਰ 'ਤੇ ਕੰਮ ਕਰਦੀ ਹੈ ਤਾਂ ਤੁਹਾਨੂੰ ਮਿਲਣ ਵਾਲੇ ਅਧਿਕਾਰ ਵੀ ਇਸ ਵਿੱਚ ਸ਼ਾਮਲ ਹਨ।*

*ਇਹ ਨੀਤੀ ਉਦੋਂ ਲਾਗੂ ਨਹੀਂ ਹੁੰਦੀ ਹੈ, ਜਦੋਂ ਕੰਪਨੀ ਆਪਣੇ ਗਾਹਕਾਂ ਨੂੰ ਸਿਰਫ਼ ਉਹਨਾਂ ਦੇ ਲਾਭ ਵਾਸਤੇ, ਸਾਡੇ ਉਤਪਾਦ, ਪਲੇਟਫਾਰਮ ਜਾਂ ਸੇਵਾਵਾਂ ("ਸੇਵਾਵਾਂ") ਦਿੰਦੇ ਸਮੇਂ ਇੱਕ ਪ੍ਰੋਸੈਸਰ (ਜਿਸ ਨੂੰ ਸੇਵਾ ਪ੍ਰਦਾਤਾ ਵੀ ਕਹਿੰਦੇ ਹਾਂ) ਵਜੋਂ ਵਿਅਕਤੀਗਤ ਡੇਟਾ ਪ੍ਰੋਸੈਸ ਕਰਦੀ ਹੈ। ਇਸ ਮਾਮਲੇ ਵਿੱਚ, ਗਾਹਕ ਦੁਆਰਾ ਸੇਵਾਵਾਂ ਵਿੱਚ ਅੱਪਲੋਡ ਕੀਤਾ ਗਿਆ ਕੋਈ ਵੀ ਵਿਅਕਤੀਗਤ ਡੇਟਾ 'ਗਾਹਕ ਸਮੱਗਰੀ' ਮੰਨਿਆ ਜਾਵੇਗਾ ਅਤੇ ਉਸ ਨੂੰ ਇੱਕ ਸਮਝੌਤੇ ਅਤੇ ਡੇਟਾ ਪ੍ਰੋਸੈਸਿੰਗ ਅਡੈਂਡਮਾਂ ('ਸਮਝੌਤਾ') ਦੇ ਅਨੁਸਾਰ ਪ੍ਰੋਸੈਸ ਕੀਤਾ ਜਾਵੇਗਾ।*

*ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਗੋਪਨੀਯਤਾ ਅਤੇ ਸੁਰੱਖਿਆ ਨੂੰ ਸੁਰੱਖਿਅਤ ਰੱਖਣ ਵਾਸਤੇ ਵਚਨਬੱਧ ਹਾਂ, ਜਿਸ ਨੂੰ ਸਾਡੇ ਨਿਯੰਤ੍ਰਣ ਵਿੱਚ ਆਉਣ ਵਾਲੀਆਂ ਸਾਈਟਾਂ ਅਤੇ ਐਪਲੀਕੇਸ਼ਨਾਂ ਵਾਸਤੇ ਪ੍ਰੋਸੈਸ ਕੀਤਾ ਜਾਂਦਾ ਹੈ, ਜੋ https://www.oxyzo.in/ (ਇਸ ਤੋਂ ਬਅਾਦ, "ਵੈੱਬਸਾਈਟ") ਨਾਲ ਜੁੜੀ ਇਸ ਨੀਤੀ ਦਾ ਲਿੰਕ ਪੋਸਟ ਕਰਦੇ ਹਾਂ।*

## *2. ਵਿਅਕਤੀਗਤ ਡੇਟਾ ਜੋ ਅਸੀਂ ਇਕੱਤਰ ਕਰਦੇ ਹਾਂ*

*ਜਦੋਂ ਤੁਸੀਂ ਸਾਡੀਆਂ ਸੇਵਾਵਾਂ ਜਾਂ ਪਲੇਟਫਾਰਮ ਦੀ ਵਰਤੋਂ ਕਰਦੇ ਹੋ ਜਾਂ ਸਾਡੇ ਨਾਲ ਰਿਸ਼ਤੇ ਦੇ ਦੌਰਾਨ ਕਿਸੇ ਹੋਰ ਤਰ੍ਹਾਂ ਗੱਲਬਾਤ ਕਰਦੇ ਹੋ ਤਾਂ ਅਸੀਂ ਤੁਹਾਡੀ ਵਿਅਕਤੀਗਤ ਜਾਣਕਾਰੀ ਇਕੱਤਰ ਕਰ ਸਕਦੇ ਹਾਂ। ਅਸੀਂ ਅਜਿਹੀ ਵਿਅਕਤੀਗਤ ਜਾਣਕਾਰੀ ਇਕੱਤਰ ਕਰਦੇ ਹਾਂ ਜੋ ਤੁਹਾਡੇ ਦੁਆਰਾ ਮੰਗੀ ਗਈ ਸੇਵਾ ਦੇਣ ਅਤੇ ਸਾਡੇ ਪਲੇਟਫਾਰਮ ਨੂੰ ਲਗਾਤਾਰ ਬਿਹਤਰ ਬਣਾਉਣ ਵਾਸਤੇ ਜ਼ਰੂਰੀ ਅਤੇ ਲਾਹੇਵੰਦ ਹੈ।*

*ਅਸੀਂ ਆਪਣੀਆਂ ਸੇਵਾਵਾਂ ਦੇਣ, ਵਰਤੋਂਕਾਰ ਅਨੁਭਵ ਨੂੰ ਬਿਹਤਰ ਬਣਾਉਣ ਅਤੇ ਕਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਾਸਤੇ ਜ਼ਰੂਰੀ ਵਿਅਕਤੀਗਤ ਡੇਟਾ ਇਕੱਤਰ ਕਰਦੇ ਹਾਂ। ਡੇਟਾ ਕਿਸਮਾਂ ਵਿੱਚ ਇਹ ਸ਼ਾਮਲ ਹਨ:*

| ***ਲੜੀ ਸੰ.*** | ***ਵਿਅਕਤੀਗਤ ਡੇਟਾ ਵਿਸ਼ੇਸ਼ਤਾਵਾਂ*** | ***ਪ੍ਰੋਸੈਸ ਕਰਨ ਦਾ ਉਦੇਸ਼*** |
|---|---|---|
| *1.* | *ਪੂਰਾ ਨਾਮ* | *ਵਰਤੋਂਕਾਰ ਦਾ ਨਾਮ ਪਛਾਣ ਵਾਸਤੇ ਇਕੱਤਰ ਕੀਤਾ ਜਾਂਦਾ ਹੈ ਅਤੇ ਸਾਡੇ ਦੁਆਰਾ ਦਿੱਤੀ ਜਾਣ ਵਾਲੀ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ।* |
| *2.* | *ਫ਼ੋਨ ਨੰਬਰ* | *ਵਰਤੋਂਕਾਰ ਦਾ ਫ਼ੋਨ ਨੰਬਰ ਖਾਤਾ ਬਣਾਉਣ ਅਤੇ ਯੂਨਿਕ ਆਈਡੀ ਬਣਾਉਣ ਵਾਸਤੇ ਇਕੱਤਰ ਕੀਤਾ ਜਾਂਦਾ ਹੈ। ਇਸ ਦੀ ਵਰਤੋਂ ਵਰਤੋਂਕਾਰ ਦੇ ਨਾਲ ਗੱਲਬਾਤ ਕਰਨ ਅਤੇ ਪ੍ਰਚਾਰਕ ਸੁਨੇਹੇ ਭੇਜਣ ਵਾਸਤੇ ਵੀ ਕੀਤੀ ਜਾਂਦੀ ਹੈ।* |
| *3.* | *ਈਮੇਲ ਪਤਾ* | *ਈਮੇਲ ਪਤੇ ਦੀ ਵਰਤੋਂ, ਵਰਤੋਂਕਾਰ ਦੇ ਨਾਲ ਸੰਚਾਰ ਕਰਨ ਦਾ ਇੱਕ ਸੈਕੰਡਰੀ ਚੈਨਲ ਸੈੱਟ ਅੱਪ ਕਰਨ ਅਤੇ ਪ੍ਰਚਾਰਕ ਸੰਚਾਰ ਭੇਜਣ ਵਾਸਤੇ ਕੀਤੀ ਜਾਂਦੀ ਹੈ।* |
| *4.* | *ਲਿੰਗ* | *ਵਰਤੋਂਕਾਰ ਨੂੰ ਕਸਟੋਮਾਈਜ਼ ਕੀਤੀ ਸੇਵਾ ਅਤੇ ਆਫ਼ਰ ਦੇਣ ਵਾਸਤੇ ਵਰਤੋਂਕਾਰ ਦੀ ਲਿੰਗ ਸੰਬੰਧੀ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ।* |
| *5.* | *ਪੱਤਰਾਚਾਰ ਦਾ ਪਤਾ* | *ਪੱਤਰਾਚਾਰ ਪਤਾ ਸੰਚਾਰ ਭੇਜਣ ਅਤੇ ਕਨੂੰਨੀ ਪਾਲਣਾ ਵਾਸਤੇ ਪਤਾ ਸਬੂਤ ਵਜੋਂ ਇਕੱਤਰ ਕੀਤੀ ਜਾਂਦੀ ਹੈ।* |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

| | | |
|---|---|---|
| 6. | ਭੂਗੋਲਿਕ ਸਥਾਨ | ਵਰਤੋਂਕਾਰ ਦੀ ਸਥਾਨ ਜਾਣਕਾਰੀ ਇਸ ਕਰਕੇ ਇਕੱਤਰ ਕੀਤੀ ਜਾਂਦੀ ਹੈ ਤਾਂ ਕਿ ਉਹਨਾਂ ਨੂੰ ਖੇਤਰੀ-ਆਧਾਰ 'ਤੇ ਆਫ਼ਰ ਦਿੱਤੇ ਜਾ ਸਕਣ ਅਤੇ ਸਾਡੀਆਂ ਸੇਵਾਵਾਂ ਨੂੰ ਬਿਹਤਰ ਬਣਾਇਆ ਜਾ ਸਕੇ। |
| 7. | ਜਨਮ ਮਿਤੀ | ਲੋਨ ਅਤੇ ਵਿਅਕਤੀਗਤਕਿਰਤ ਆਫ਼ਰ ਵਾਸਤੇ ਯੋਗਤਾ ਨਿਰਧਾਰਿਤ ਕਰਨ ਲਈ ਜਨਮ-ਮਿਤੀ ਲਈ ਜਾਂਦੀ ਹੈ। |
| 8. | ਪੈਨ ਕਾਰਡ | ਪੈਨ ਕਾਰਡ KYC ਅਨੁਪਾਲਣਾ ਦੀ ਲੋੜ ਅਤੇ ਵਰਤੋਂਕਾਰ ਦੀ ਪਛਾਣ ਤਸਦੀਕ ਕਰਨ ਵਾਸਤੇ ਲਿਆ ਜਾਂਦਾ ਹੈ। |
| 9. | ਆਧਾਰ ਕਾਰਡ/ਨੰਬਰ | ਆਧਾਰ ਕਾਰਡ KYC ਅਨੁਪਾਲਣਾ ਦੀ ਲੋੜ ਅਤੇ ਵਰਤੋਂਕਾਰ ਦੀ ਪਛਾਣ ਤਸਦੀਕ ਕਰਨ ਵਾਸਤੇ ਲਿਆ ਜਾਂਦਾ ਹੈ। |
| 10. | ਵੋਟਰ ID ਕਾਰਡ | ਵੋਟਰ ID ਕਾਰਡ ਨੂੰ KYC ਅਨੁਪਾਲਣਾ ਵਾਸਤੇ ਅਤੇ ਵਰਤੋਂਕਾਰ ਦੀ ਪਛਾਣ ਤਸਦੀਕ ਕਰਨ ਵਾਸਤੇ ਇੱਕ ਸਹਾਇਕ ਦਸਤਾਵੇਜ਼ ਵਜੋਂ ਇਕੱਤਰ ਕੀਤਾ ਜਾਂਦਾ ਹੈ। |
| 11. | ਡ੍ਰਾਈਵਿੰਗ ਲਾਇਸੈਂਸ | ਡ੍ਰਾਈਵਿੰਗ ਲਾਇਸੈਂਸ ਨੂੰ KYC ਅਨੁਪਾਲਣਾ ਵਾਸਤੇ ਅਤੇ ਵਰਤੋਂਕਾਰ ਦੀ ਪਛਾਣ ਤਸਦੀਕ ਕਰਨ ਵਾਸਤੇ ਇੱਕ ਸਹਾਇਕ ਦਸਤਾਵੇਜ਼ ਵਜੋਂ ਇਕੱਤਰ ਕੀਤਾ ਜਾਂਦਾ ਹੈ। |
| 12. | ਆਮਦਨ ਦੇ ਵੇਰਵੇ | ਲੋਨ ਵਾਸਤੇ ਯੋਗਤਾ ਜਾਣਨ ਵਾਸਤੇ ਵਰਤੋਂਕਾਰ ਦੀ ਵਿੱਤੀ ਸਮਰੱਥਾ ਜਾਂਚਣ ਵਾਸਤੇ ਆਮਦਨ ਦੇ ਵੇਰਵੇ ਇਕੱਤਰ ਕੀਤੇ ਜਾਂਦੇ ਹਨ। |
| 13. | ਕਾਰੋਬਾਰੀ ਵੇਰਵੇ | ਲੋਨ ਵਾਸਤੇ ਯੋਗਤਾ ਜਾਣਨ ਵਾਸਤੇ ਇਕਾਈ ਦੀ ਵਿੱਤੀ ਸਮਰੱਥਾ ਜਾਂਚਣ ਵਾਸਤੇ ਕਾਰੋਬਾਰੀ ਵੇਰਵੇ ਇਕੱਤਰ ਕੀਤੇ ਜਾਂਦੇ ਹਨ। |
| 14. | ਬੈਂਕ ਵੇਰਵੇ | ਲੋਨ ਵਾਸਤੇ ਯੋਗਤਾ ਜਾਣਨ ਵਾਸਤੇ ਇਕਾਈ ਦੀ ਵਿੱਤੀ ਸਮਰੱਥਾ ਜਾਂਚਣ ਵਾਸਤੇ ਕਾਰੋਬਾਰੀ ਵੇਰਵੇ ਇਕੱਤਰ ਕੀਤੇ ਜਾਂਦੇ ਹਨ। |
| 15. | OTP | ਕਨੂੰਨੀ ਪਾਲਣਾ ਲਈ ਸਿਮ ਬਾਈਡਿੰਗ ਅਤੇ ਆਧਾਰ ਤਸਦੀਕ ਲਈ |
| 16. | ਜਨਤਕ ਸਰੋਤਾਂ ਕੋਲ ਉਪਲਬਧ ਡੇਟਾ | ਜੋਖਮ ਵਿਸ਼ਲੇਸ਼ਣ ਲਈ ਜਨਤਕ ਸਰੋਤਾਂ, ਕ੍ਰੈਡਿਟ ਹਵਾਲਾ ਏਜੰਸੀਆਂ, ਜਾਂ ਸੇਵਾ ਪ੍ਰਦਾਤਿਆਂ (ਜਿਵੇਂ ਕਿ ਕ੍ਰੈਡਿਟ ਇਤਿਹਾਸ, ਅਪਰਾਧਿਕ ਰਿਕਾਰਡ ਆਦਿ) ਤੋਂ ਜਾਣਕਾਰੀ। |
| 17. | ਰੈਗੂਲੇਟਰੀ ਅਥਾਰਟੀਆਂ ਦੁਆਰਾ ਲਾਜ਼ਮੀ ਕੀਤੇ ਗਏ ਕਿਸੇ ਵੀ ਹੋਰ ਦਸਤਾਵੇਜ਼ | ਕਿਸੇ ਵੀ ਲਾਗੂ ਕਨੂੰਨੀ ਅਨੁਪਾਲਣਾ ਦੀ ਪਾਲਣਾ ਕਰਨ ਲਈ ਲੋੜ ਪੈਣ 'ਤੇ ਵਾਧੂ ਦਸਤਾਵੇਜ਼ ਇਕੱਠੇ ਕੀਤੇ ਜਾ ਸਕਦੇ ਹਨ। |
| 18. | ਡਿਵਾਈਸ ਜਾਣਕਾਰੀ | ਸੇਵਾ ਅਨੁਭਵ ਨੂੰ ਬਿਹਤਰ ਬਣਾਉਣ ਲਈ IP ਪਤਾ, ਡਿਵਾਈਸ ਪਛਾਣਕਰਤਾ, ਬ੍ਰਾਊਜ਼ਰ ਕਿਸਮ, ਓਪਰੇਟਿੰਗ ਸਿਸਟਮ ਅਤੇ ਪਲੱਗ-ਇਨ ਇਕੱਤਰ ਕੀਤੇ ਜਾਂਦੇ ਹਨ। |
| 19. | ਕੂਕੀਜ਼ ਅਤੇ ਟ੍ਰੈਕਿੰਗ ਡੇਟਾ | ਵਰਤੋਂ ਦਾ ਵਿਸ਼ਲੇਸ਼ਣ ਕਰਨ ਅਤੇ ਸਮੱਗਰੀ ਨੂੰ ਵਿਅਕਤੀਗਤ ਬਣਾਉਣ ਲਈ ਕੂਕੀਜ਼, ਵੈੱਬ ਬੀਕਨ, ਪਿਕਸਲ ਅਤੇ ਟੈਗਾਂ ਰਾਹੀਂ ਇਕੱਤਰ ਕੀਤਾ ਜਾਂਦਾ ਹੈ। |
| 20. | ਹੋਰ | ਸਾਡੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਤੁਸੀਂ ਸਾਨੂੰ ਕੋਈ ਹੋਰ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ। |

ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

## *3. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਵਰਤੋਂ ਕਿਵੇਂ ਅਤੇ ਕਿਹੜੇ ਆਧਾਰਾਂ 'ਤੇ ਕਰਦੇ ਹਾਂ*

*ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਵਰਤੋਂ ਇਹਨਾਂ ਉਦੇਸ਼ਾਂ ਵਾਸਤੇ ਕਰ ਸਕਦੇ ਹਾਂ, ਜੋ ਲਾਗੂ ਡੇਟਾ ਸੁਰੱਖਿਆ ਕਨੂੰਨਾਂ ਦੇ ਤਹਿਤ ਇਜਾਜ਼ਤ ਵਾਲੇ ਇੱਕ ਜਾਂ ਇੱਕ ਤੋਂ ਵੱਧ ਕਨੂੰਨੀ ਆਧਾਰਾਂ 'ਤੇ ਨਿਰਭਰ ਕਰਦਾ ਹੈ:*

| **ਉਦੇਸ਼** | **ਕਨੂੰਨ ਆਧਾਰ** |
|---|---|
| **1. ਸਰਵਿਸ ਡਿਲੀਵਰੀ** | |
| • ਤੁਹਾਡੇ ਦੁਆਰਾ ਬੇਨਤੀ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ ਲਈ।<br>• ਪੜਤਾਲਾਂ, ਉਤਪਾਦ ਜਾਂ ਸੇਵਾ ਬੇਨਤੀਆਂ ਦਾ ਮੁਲਾਂਕਣ ਅਤੇ ਪ੍ਰਕਿਰਿਆ ਕਰਨ ਲਈ।<br>• ਸਬਸਕ੍ਰਿਪਸ਼ਨ-ਅਧਾਰਿਤ ਸੇਵਾਵਾਂ, ਅੱਪਡੇਟ ਅਤੇ ਸੰਬੰਧਿਤ ਸੰਚਾਰ ਪ੍ਰਦਾਨ ਕਰਨ ਲਈ।<br>• ਸਾਡੀ ਸਰਵਿਸ ਡਿਲੀਵਰੀ ਦੇ ਹਿੱਸੇ ਵਜੋਂ ਆਰਡਰ, ਭੁਗਤਾਨ ਅਤੇ ਲੈਣ-ਦੇਣ ਦੀ ਪ੍ਰਕਿਰਿਆ ਕਰਨਾ। | ਇਕਰਾਰਨਾਮੇ ਦੀ ਪੂਰਤੀ (ਜਿਵੇਂ ਕਿ ਸੇਵਾ ਸਮਝੌਤਾ)/ ਤੁਹਾਡੀ ਸਹਿਮਤੀ/ ਸੇਵਾ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਾਡੇ ਜਾਇਜ਼ ਹੱਕ। |
| **2. ਪਹੁੰਚ ਅਤੇ ਪ੍ਰਸ਼ਾਸਨ** | |
| • ਜਿੱਥੇ ਲਾਗੂ ਹੋਵੇ, ਮਾਰਕੀਟਿੰਗ ਸਮੱਗਰੀ, ਅੰਦਰੂਨੀ ਪ੍ਰਣਾਲੀਆਂ, ਜਾਂ ਨੈੱਟਵਰਕ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ।<br>• ਕਲਾਇੰਟ ਸੰਚਾਰ, ਸਰਵਿਸ ਡਿਲੀਵਰੀ, ਬਿਲਿੰਗ, ਅਤੇ ਆਮ ਪ੍ਰਸ਼ਾਸਨ ਦੇ ਕੰਮਾਂ ਦਾ ਪ੍ਰਬੰਧਨ ਕਰਨਾ।<br>• ਵਰਤੋਂਕਾਰਾਂ ਨੂੰ ਪ੍ਰਮਾਣਿਤ ਕਰਨ ਅਤੇ ਵੱਖ-ਵੱਖ ਸੇਵਾਵਾਂ ਅਤੇ ਸਰੋਤਾਂ ਤੱਕ ਪਹੁੰਚ ਨਿਯੰਤਰਣ ਦਾ ਪ੍ਰਬੰਧਨ ਕਰਨਾ | ਸੇਵਾ ਪਹੁੰਚ ਦੇ ਪ੍ਰਬੰਧਨ ਅਤੇ ਕੁਸ਼ਲ ਕਾਰਜਾਂ ਨੂੰ ਬਣਾਈ ਰੱਖਣ ਵਿੱਚ ਸਾਡੇ ਜਾਇਜ਼ ਹੱਕ। |
| **3. ਮਾਰਕੀਟਿੰਗ ਅਤੇ ਕਾਰੋਬਾਰੀ ਵਿਕਾਸ** | |
| • ਬ੍ਰਾਂਡ ਜਾਗਰੂਕਤਾ ਵਧਾਉਣ ਲਈ ਮਾਰਕੀਟਿੰਗ ਮੁਹਿੰਮਾਂ, ਪ੍ਰਚਾਰ ਅਤੇ ਵਿਸ਼ੇਸ਼ ਪੇਸ਼ਕਸ਼ਾਂ ਚਲਾਉਣਾ।<br>• ਤੁਹਾਡੀਆਂ ਰੁਚੀਆਂ ਜਾਂ ਸ਼ਮੂਲੀਅਤ ਇਤਿਹਾਸ ਦੇ ਆਧਾਰ 'ਤੇ ਮਾਰਕੀਟਿੰਗ ਸਮੱਗਰੀ ਨੂੰ ਵਿਅਕਤੀਗਤ ਬਣਾਉਣਾ।<br>• ਸਾਡੇ ਉਤਪਾਦਾਂ, ਸੇਵਾਵਾਂ ਅਤੇ ਗਾਹਕ ਸੰਬੰਧਾਂ ਨੂੰ ਬਿਹਤਰ ਬਣਾਉਣ ਲਈ ਵਰਤੋਂਕਾਰ ਵਿਵਹਾਰ ਅਤੇ ਫੀਡਬੈਕ ਦਾ ਵਿਸ਼ਲੇਸ਼ਣ ਕਰਨਾ।<br>• ਤੁਹਾਡੀਆਂ ਦੱਸੀਆਂ ਗਈਆਂ ਤਰਜੀਹਾਂ ਅਤੇ ਲਾਗੂ ਨਿਯਮਾਂ ਦੇ ਅਨੁਸਾਰ ਤੁਹਾਨੂੰ ਸੰਚਾਰ ਭੇਜਣਾ।<br>• ਸੇਵਾਵਾਂ, ਉਤਪਾਦਾਂ ਅਤੇ ਸੰਚਾਰ ਨਾਲ ਸਬੰਧਤ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਜਾਂ ਸਮਝੌਤਿਆਂ ਨੂੰ ਪੂਰਾ ਕਰਨਾ। | ਤੁਹਾਡੀ ਸਹਿਮਤੀ (ਉਦਾਹਰਨ ਲਈ, ਮਾਰਕੀਟਿੰਗ ਸੰਚਾਰ ਜਾਂ ਸਮਾਗਮਾਂ ਲਈ ਸਾਈਨ ਅੱਪ ਕਰਦੇ ਸਮੇਂ) / ਸਾਡੇ ਕਾਰੋਬਾਰ (ਉਦਾਹਰਨ ਲਈ, ਡੈਮੋ ਜਾਂ ਖਰੀਦਦਾਰੀ ਤੋਂ ਬਾਅਦ ਸੰਬੰਧਿਤ ਸੇਵਾਵਾਂ ਬਾਰੇ ਤੁਹਾਡੇ ਨਾਲ ਸੰਪਰਕ ਕਰਨਾ) ਨੂੰ ਉਤਸ਼ਾਹਿਤ ਕਰਨ ਅਤੇ ਵਿਕਸਤ ਕਰਨ ਵਿੱਚ ਸਾਡੇ ਜਾਇਜ਼ ਹੱਕ। |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

| | |
|---|---|
| • ਭਾਗੀਦਾਰਾਂ, ਸਹਿਯੋਗੀਆਂ ਅਤੇ ਵਿਕਰੇਤਾਵਾਂ ਨਾਲ ਕਾਰੋਬਾਰੀ ਸੰਬੰਧ ਸਥਾਪਤ ਕਰਨ ਅਤੇ ਪ੍ਰਬੰਧਨ ਕਰਨਾ। | |
| **4. ਕਨੂੰਨੀ ਅਨੁਪਾਲਣਾ** | |
| • ਲਾਗੂ ਡੇਟਾ ਸੁਰੱਖਿਆ ਕਾਨੂੰਨਾਂ, ਨਿਯਮਾਂ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ।<br>• ਕੰਪਨੀ, ਸਾਡੇ ਗਾਹਕਾਂ, ਜਾਂ ਜਨਤਾ ਦੀ ਸੁਰੱਖਿਆ, ਅਧਿਕਾਰਾਂ, ਜਾਇਦਾਦ ਅਤੇ ਸੁਰੱਖਿਆ ਦੀ ਰੱਖਿਆ ਕਰਨਾ,<br>• ਧੋਖਾਧੜੀ ਨੂੰ ਰੋਕਣ ਅਤੇ ਸਾਡੇ ਸਿਸਟਮਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।<br>• ਵਿਵਾਦਾਂ ਨੂੰ ਹੱਲ ਕਰਨ, ਸਮਝੌਤਿਆਂ ਨੂੰ ਲਾਗੂ ਕਰਨ ਅਤੇ ਕਾਨੂੰਨੀ ਦਾਅਵਿਆਂ ਤੋਂ ਬਚਾਅ ਕਰਨਾ। | ਕਾਨੂੰਨੀ ਜ਼ਿੰਮੇਵਾਰੀਆਂ/ ਕਾਨੂੰਨੀ ਸੁਰੱਖਿਆ ਅਤੇ ਜੋਖ਼ਮ ਪ੍ਰਬੰਧਨ ਵਿੱਚ ਸਾਡੇ ਜਾਇਜ਼ ਹੱਕ। |
| **5. ਕਾਰੋਬਾਰੀ ਸੰਚਾਲਨ** | |
| • ਅੰਦਰੂਨੀ ਪ੍ਰਸ਼ਾਸਕੀ, ਸੰਚਾਲਨ ਅਤੇ ਔਡਿਟ ਉਦੇਸ਼ਾਂ ਲਈ,<br>• ਕਾਰਪੋਰੇਟ ਗਵਰਨੈਂਸ ਫੰਕਸ਼ਨ ਕਰਨ ਲਈ, ਜਿਵੇਂ ਕਿ ਵਿੱਤੀ ਰਿਪੋਰਟਿੰਗ, ਟੈਕਸ ਫਾਈਲਿੰਗ, ਅਤੇ ਪਾਲਣਾ ਜਾਂਚਾਂ।<br>• ਕਾਰੋਬਾਰੀ ਟ੍ਰਾਂਸਫ਼ਰ, ਮਰਜਰਾਂ, ਪ੍ਰਾਪਤੀਆਂ, ਜਾਂ ਸਾਂਝੇ ਉੱਦਮਾਂ ਦੀ ਸਹੂਲਤ ਲਈ, ਜਿੱਥੇ ਨਿੱਜੀ ਡੇਟਾ ਨੂੰ ਲੈਣ-ਦੇਣ ਦੇ ਹਿੱਸੇ ਵਜੋਂ ਟ੍ਰਾਂਸਫਰ ਕੀਤਾ ਜਾ ਸਕਦਾ ਹੈ। | ਪ੍ਰਭਾਵਸ਼ਾਲੀ ਕਾਰਪੋਰੇਟ ਪ੍ਰਬੰਧਨ/ਕਾਨੂੰਨੀ ਜ਼ਿੰਮੇਵਾਰੀਆਂ ਵਿੱਚ ਸਾਡੇ ਜਾਇਜ਼ ਹੱਕ। |
| **6. ਗਾਹਕ ਸਹਾਇਤਾ ਅਤੇ ਸੇਵਾ ਸੁਧਾਰ** | |
| • ਤਕਨੀਕੀ ਅਤੇ ਗਾਹਕ ਸਹਾਇਤਾ ਪ੍ਰਦਾਨ ਕਰਨਾ।<br>• ਪੜਤਾਲਾਂ ਦਾ ਜਵਾਬ ਦੇਣਾ, ਸਮੱਸਿਆਵਾਂ ਨੂੰ ਹੱਲ ਕਰਨਾ ਜਾਂ ਸ਼ਿਕਾਇਤਾਂ ਦਾ ਪ੍ਰਬੰਧਨ ਕਰਨਾ।<br>• ਸਾਡੇ ਉਤਪਾਦਾਂ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਫੀਡਬੈਕ ਇਕੱਠਾ ਕਰਨਾ। | ਤੁਹਾਡੀ ਸਹਿਮਤੀ (ਜਿਵੇਂ ਕਿ ਸਵੈ-ਇੱਛਤ ਫੀਡਬੈਕ ਲਈ) / ਜਵਾਬਦੇਹ ਅਤੇ ਕੁਸ਼ਲ ਗਾਹਕ ਸੇਵਾ ਪ੍ਰਦਾਨ ਕਰਨ ਵਿੱਚ ਸਾਡੇ ਜਾਇਜ਼ ਹੱਕ। |
| **7. ਸੁਰੱਖਿਆ ਅਤੇ ਧੋਖਾਧੜੀ ਰੋਕਥਾਮ** | |
| • ਸਾਡੇ ਸਿਸਟਮਾਂ, ਬੁਨਿਆਦੀ ਢਾਂਚੇ ਅਤੇ ਡੇਟਾ ਨੂੰ ਅਣਅਧਿਕਾਰਤ ਪਹੁੰਚ ਜਾਂ ਖ਼ਤਰਨਾਕ ਖ਼ਤਰਿਆਂ ਤੋਂ ਬਚਾਉਣਾ।<br>• ਧੋਖਾਧੜੀ ਵਾਲੀ ਗਤੀਵਿਧੀ, ਪਛਾਣ ਚੋਰੀ, ਜਾਂ ਡੇਟਾ ਉਲੰਘਣਾਵਾਂ ਦੀ ਨਿਗਰਾਨੀ ਅਤੇ ਖੋਜ ਕਰਨਾ।<br>• ਲੈਣ-ਦੇਣ ਅਤੇ ਸੰਚਾਰ ਦੀ ਇਕਸਾਰਤਾ ਨੂੰ ਯਕੀਨੀ ਬਣਾਉਣਾ। | ਜਾਣਕਾਰੀ ਸੁਰੱਖਿਆ ਅਤੇ ਸਿਸਟਮ ਦੀ ਇਕਸਾਰਤਾ/ਕਾਨੂੰਨੀ ਜ਼ਿੰਮੇਵਾਰੀਆਂ ਨੂੰ ਯਕੀਨੀ ਬਣਾਉਣ ਵਿੱਚ ਸਾਡੇ ਜਾਇਜ਼ ਹੱਕ। |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

| 8. ਖੋਜ ਅਤੇ ਵਿਕਾਸ | |
|---|---|
| • ਰੁਝਾਨਾਂ ਅਤੇ ਗਾਹਕਾਂ ਦੀਆਂ ਤਰਜੀਹਾਂ ਨੂੰ ਸਮਝਣ ਲਈ ਮਾਰਕੀਟ ਖੋਜ, ਗਾਹਕ ਸਰਵੇਖਣ ਅਤੇ ਵਿਸ਼ਲੇਸ਼ਣ ਕਰਨਾ।<br>• ਸਾਡੇ ਉਤਪਾਦਾਂ ਅਤੇ ਸੇਵਾਵਾਂ ਦੀ ਗੁਣਵੱਤਾ, ਕਾਰਜਸ਼ੀਲਤਾ ਅਤੇ ਵਿਸ਼ੇਸ਼ਤਾਵਾਂ ਨੂੰ ਨਵੀਨਤਾ ਨਾਲ ਵਿਕਸਤ ਕਰਨਾ ਅਤੇ ਬਿਹਤਰ ਬਣਾਉਣਾ। | ਤੁਹਾਡੀ ਸਹਿਮਤੀ (ਜਿਵੇਂ ਕਿ ਕੂਕੀ ਤਰਜੀਹਾਂ ਰਾਹੀਂ, ਕਿਸੇ ਸਰਵੇਖਣ ਵਿੱਚ ਭਾਗੀਦਾਰੀ ਜਾਂ ਵਰਤੋਂਕਾਰ ਖੋਜ ਰਾਹੀਂ)/ਸੇਵਾ ਅਨੁਕੂਲਨ ਅਤੇ ਉਤਪਾਦ ਵਿਕਾਸ ਵਿੱਚ ਸਾਡੇ ਜਾਇਜ਼ ਹੱਕ। |

## *4. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦਾ ਖੁਲਾਸਾ/ਸਾਂਝਾ ਕਿਵੇਂ ਕਰਦੇ ਹਾਂ*

*ਅਸੀਂ ਸਮੇਂ-ਸਮੇਂ 'ਤੇ ਤੁਹਾਡਾ ਵਿਅਕਤੀਗਤ ਡੇਟਾ ਤੀਜੀ-ਧਿਰ ਨਾਲ ਸਿਰਫ਼ ਉੱਥੇ ਸਾਂਝਾ ਕਰ ਸਕਦੇ ਹਾਂ ਜਿੱਥੇ ਸਖ਼ਤੀ ਨਾਲ ਜ਼ਰੂਰੀ ਹੋਵੇ। ਸਾਰਾ ਡੇਟਾ ਸਾਂਝਾਕਰਨ ਲਾਗੂ ਡੇਟਾ ਸੁਰੱਖਿਆ ਕਾਨੂੰਨਾਂ ਅਤੇ ਢੁਕਵੇਂ ਸੁਰੱਖਿਆ ਮਾਪਦੰਡਾਂ ਦੇ ਅਨੁਸਾਰ ਕੀਤਾ ਜਾਂਦਾ ਹੈ। ਹੋਰ ਵੇਰਵਿਆਂ ਲਈ, ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਵੇਖੋ:*

| ਪ੍ਰਾਪਤਕਰਤਾਵਾਂ ਦੀਆਂ ਸ਼੍ਰੇਣੀਆਂ | ਸਾਂਝਾਕਰਨ ਦਾ ਕਾਰਨ |
|---|---|
| ਕੰਪਨੀ ਸਮੂਹ ਕੰਪਨੀਆਂ | ਕੰਪਨੀ ਸਮੂਹ ਇਕਾਈਆਂ ਵਿੱਚ ਅੰਦਰੂਨੀ ਕਾਰਜਾਂ, ਕਾਰੋਬਾਰੀ ਨਿਰੰਤਰਤਾ, ਅਤੇ ਜਾਇਜ਼ ਵਪਾਰਕ ਹੱਕਾਂ ਦਾ ਸਮਰਥਨ ਕਰਨਾ। |
| ਸੇਵਾ ਪ੍ਰਦਾਤਾ ਅਤੇ ਵੈਂਡਰ | ਸਾਡੀਆਂ ਸੇਵਾਵਾਂ ਅਤੇ ਕਾਰੋਬਾਰੀ ਕਾਰਜਾਂ ਦੀ ਡਿਲੀਵਰੀ ਨੂੰ ਸਮਰੱਥ ਬਣਾਉਣ ਲਈ, ਜਿਸ ਵਿੱਚ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ:<br>• ਗਾਹਕ ਸਹਾਇਤਾ<br>• ਢਾਂਚਾਗਤ ਰੱਖ-ਰਖਾਓ<br>• IT ਅਤੇ ਸੁਰੱਖਿਆ ਸੇਵਾਵਾਂ |
| ਮਾਰਕੀਟਿੰਗ ਅਤੇ ਸੰਚਾਰ ਸੰਬੰਧੀ ਪਾਰਟਨਰ | ਸਖ਼ਤ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਅਤੇ ਗੁਪਤਤਾ ਦੇ ਤਹਿਤ, ਸੰਬੰਧਿਤ ਅੱਪਡੇਟਾਂ, ਪੇਸ਼ਕਸ਼ਾਂ ਅਤੇ ਸੇਵਾ-ਸੰਬੰਧਿਤ ਸੁਨੇਹਿਆਂ ਦੇ ਸੰਚਾਰ ਨੂੰ ਸੁਵਿਧਾਜਨਕ ਬਣਾਉਣ ਲਈ। |
| ਕਨੂੰਨ ਲਾਗੂ ਕਰਨ ਅਤੇ ਰੈਗੂਲੇਟਰੀ ਅਥਾਰਿਟੀਆਂ | ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਜਾਂ ਕਾਨੂੰਨੀ ਬੇਨਤੀਆਂ (ਜਿਵੇਂ ਕਿ, ਸੰਮਨ, ਜਾਂਚ) ਦਾ ਜਵਾਬ ਦੇਣ ਲਈ, ਅਤੇ ਜਿੱਥੇ ਜ਼ਰੂਰੀ ਹੋਵੇ:<br>• ਵਿਅਕਤੀਆਂ ਜਾਂ ਕੰਪਨੀ ਦੀ ਸੁਰੱਖਿਆ, ਅਧਿਕਾਰਾਂ, ਜਾਂ ਜਾਇਦਾਦ, ਜਿਸ ਵਿੱਚ ਬੌਧਿਕ ਸੰਪਤੀ ਵੀ ਸ਼ਾਮਲ ਹੈ, ਦੀ ਰੱਖਿਆ ਕਰਨਾ<br>• ਕੌਮੀ ਸੁਰੱਖਿਆ ਜਾਂ ਕਾਨੂੰਨ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਨਾ<br>• ਧੋਖਾਧੜੀ ਜਾਂ ਹੋਰ ਗੈਰ-ਕਾਨੂੰਨੀ ਸਰਗਰਮੀਆਂ ਨੂੰ ਰੋਕਣਾ। |
| ਮਰਜਰ, ਪ੍ਰਾਪਤੀਆਂ, ਜਾਂ ਕਾਰੋਬਾਰੀ ਟ੍ਰਾਂਸਫ਼ਰ | ਕਾਰੋਬਾਰੀ ਸੰਪਤੀਆਂ ਦੇ ਮਰਜਰ, ਪ੍ਰਾਪਤੀ, ਪੁਨਰਗਠਨ, ਜਾਂ ਵਿਕਰੀ ਦੀ ਸਥਿਤੀ ਵਿੱਚ, ਨਿੱਜੀ ਡੇਟਾ ਨੂੰ ਸੰਬੰਧਿਤ ਧਿਰਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ, ਜੋ ਕਿ ਗੁਪਤਤਾ ਅਤੇ ਇਸ ਦੇ ਬਰਾਬਰ ਡੇਟਾ ਸੁਰੱਖਿਆ ਮਿਆਰਾਂ ਦੇ ਅਧੀਨ ਹੈ। |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

## 5. ਅਸੀਂ ਤੁਹਾਡਾ ਵਿਅਕਤੀਗਤ ਡੇਟਾ ਕਿੰਨੇ ਸਮੇਂ ਲਈ ਸਟੋਰ ਕਰਦੇ ਹਾਂ

*ਅਸੀਂ ਤੁਹਾਡੇ ਵਿਅਕਤੀਗਤ ਡੇਟਾ ਨੂੰ ਵੱਖ-ਵੱਖ ਸਮੇਂ ਵਾਸਤੇ ਸਟੋਰ ਕਰ ਸਕਦੇ ਹਾਂ, ਇਹ ਵਿਅਕਤੀਗਤ ਡੇਟਾ ਦੀ ਸ਼੍ਰੇਣੀ ਅਤੇ ਸਾਡੇ ਨਾਲ ਤੁਹਾਡੇ ਸੰਬੰਧ ਦੀ ਕਿਸਮ 'ਤੇ ਨਿਰਭਰ ਕਰਦਾ ਹੈ। ਸਾਡਾ ਉਦੇਸ਼ ਤੁਹਾਡੇ ਵਿਅਕਤੀਗਤ ਡੇਟਾ ਨੂੰ ਘੱਟ ਤੋਂ ਘੱਟ ਸਮੇਂ ਤੱਕ ਰੱਖਣਾ ਹੈ, ਤਾਂ ਕਿ ਉਹ ਉਦੇਸ਼ ਪੂਰਾ ਹੋ ਸਕੇ ਜਿਸ ਵਾਸਤੇ ਇਹ ਵਿਅਕਤੀਗਤ ਡੇਟਾ ਇਕੱਤਰ ਕੀਤਾ ਗਿਆ ਸੀ। ਅਸੀਂ ਇਹ ਨਿਰਧਾਰਿਤ ਕਰਦੇ ਸਮੇਂ ਇਹਨਾਂ ਗੱਲਾਂ 'ਤੇ ਧਿਆਨ ਦਿੰਦੇ ਹਾਂ ਕਿ ਅਸੀਂ ਤੁਹਾਡਾ ਵਿਅਕਤੀਗਤ ਡੇਟਾ ਕਿੰਨੇ ਸਮੇਂ ਤੱਕ ਰੱਖਾਂਗੇ।*

- *ਵਿਅਕਤੀਗਤ ਡੇਟਾ ਦੀ ਸ਼੍ਰੇਣੀ*
- *ਪ੍ਰੋਸੈਸ ਕਰਨ ਦਾ ਉਦੇਸ਼*
- *ਕਨੂੰਨ ਅਤੇ ਇਕਰਾਰਨਾਮੇ ਸੰਬੰਧੀ ਜ਼ਿੰਮੇਵਾਰੀਆਂ ਦੀ ਅਨੁਪਾਲਣਾ*
- *ਕਨੂੰਨ ਅਤੇ ਜ਼ਰੂਰੀ ਕਾਰੋਬਾਰੀ ਉਦੇਸ਼, ਜਿਵੇਂ ਧੋਖਾਧੜੀ ਰੋਕਣਾ, ਉਤਪਾਦ ਵਿੱਚ ਸੁਧਾਰ, ਕਨੂੰਨੀ ਦਾਅਵਿਆਂ ਨੂੰ ਬਣਾਉਣਾ ਜਾਂ ਉਹਨਾਂ ਤੋਂ ਬਚਾਅ ਕਰਨਾ, ਜਾਂ ਸਾਡੇ ਕਨੂੰਨੀ ਅਧਿਕਾਰਾਂ ਨੂੰ ਲਾਗੂ ਕਰਨਾ।*

*ਡਿਫੌਲਟ ਰਿਟੈਂਸ਼ਨ ਪੀਰੀਅਡ ਪਿਛਲੀ ਪ੍ਰੋਸੈਸਿੰਗ ਮਿਤੀ ਤੋਂ ਛੇ ਸਾਲ ਹੈ, ਜਦੋਂ ਤੱਕ ਕਿ ਕੁੱਝ ਹੋਰ ਜ਼ਰੂਰੀ ਨਾ ਹੋਵੇ (ਜਿਵੇਂ ਕਿ ਟੈਕਸ ਰਿਕਾਰਡ ਵਾਸਤੇ 10 ਸਾਲ)।*

## 6. ਅਸੀਂ ਤੁਹਾਡੇ ਵਿਅਕਤੀਗਤ ਡੇਟਾ ਦੀ ਰੱਖਿਆ ਕਿਵੇਂ ਕਰਦੇ ਹਾਂ

*ਅਸੀਂ ਆਪਣੇ ਪ੍ਰੋਸੈਸ ਅਤੇ ਸਟੋਰ ਕੀਤੇ ਗਏ ਕਿਸੇ ਵੀ ਵਿਅਕਤੀਗਤ ਡੇਟਾ ਨੂੰ ਨੁਕਸਾਨ, ਗਲਤ ਵਰਤੋਂ ਅਤੇ ਬਿਨਾਂ ਇਜਾਜ਼ਤ ਪਹੁੰਚ, ਖੁਲਾਸੇ, ਬਦਲਾਅ ਅਤੇ ਸਮਾਪਤ ਹੋਣ ਤੋਂ ਬਚਣ ਵਾਸਤੇ ਸਹੀ ਤਕਨਾਲੋਜੀ, ਆਰਗਨਾਈਜੇਸ਼ਨਲ ਅਤੇ ਐਡਮਿਨਿਸਟ੍ਰੇਟਿਵ ਸਕਿਉਰਿਟੀ ਤਰੀਕਿਆਂ ਦੀ ਵਰਤੋਂ ਕਰਦੇ ਹਾਂ। ਅਸੀਂ ਆਪਣੇ ਸਿਸਟਮ ਨੂੰ ਵਿਅਕਤੀਗਤ ਡੇਟਾ ਦੀ ਬਿਨਾਂ ਇਜਾਜ਼ਤ ਪਹੁੰਚ ਅਤੇ ਗੈਰ-ਜ਼ਰੂਰੀ ਰਿਟੈਂਸ਼ਨ ਤੋਂ ਬਚਣ ਵਾਸਤੇ ਮਜ਼ਬੂਤ ਫਾਇਰਵਾਲ, ਏਨਕ੍ਰਿਪਸ਼ਨ, ਪਹੁੰਚ ਨਿਯੰਤ੍ਰਣ, ਪ੍ਰਤੀਬੰਧਿਤ ਡੇਟਾਬੇਸ ਅਤੇ ਰਿਟੈਂਸ਼ਨ ਪਾਲਿਸੀ ਵਰਗੇ ਕਈ ਸੇਫ਼ਗਾਰਡ ਲਾਏ ਜਾਂਦੇ ਹਨ। ਇਸ ਤੋਂ ਇਲਾਵਾ, ਸਾਡੇ ਕੰਪਿਊਟਰ ਸਿਸਟਮ ਵਿੱਚ ਸਟੋਰ ਵਿਅਕਤੀਗਤ ਡੇਟਾ ਫਿਜ਼ੀਕਲ ਸਕਿਉਰਿਟੀ ਤਰੀਕਿਆਂ ਨਾਲ ਸੁਰੱਖਿਅਤ ਰਹਿੰਦਾ ਹੈ। ਸਾਡੇ ਸਾਰੇ ਪ੍ਰਮਾਣੀਕਰਣਾਂ ਅਤੇ ਸੁਰੱਖਿਆ ਰਿਪੋਰਟਾਂ ਦੀ ਇੱਕ ਅੱਪਡੇਟ ਸੂਚੀ ਲਈ, ਕਿਰਪਾ ਕਰਕੇ ਸਾਡੇ ________ ਨੂੰ ਦੇਖੋ*

*ਹਾਲਾਂਕਿ, ਕੋਈ ਵੀ ਕੰਪਨੀ ਜਾਂ ਸੇਵਾ, ਜਿਸ ਵਿੱਚ ਕੰਪਨੀ ਵੀ ਸ਼ਾਮਲ ਹੈ, ਪੂਰੀ ਸੁਰੱਖਿਆ ਦੀ ਗਰੰਟੀ ਨਹੀਂ ਦੇ ਸਕਦੀ। ਅਣਅਧਿਕਾਰਤ ਪ੍ਰਵੇਸ਼ ਜਾਂ ਵਰਤੋਂ, ਹਾਰਡਵੇਅਰ ਜਾਂ ਸੌਫ਼ਟਵੇਅਰ ਅਸਫ਼ਲਤਾ, ਅਤੇ ਹੋਰ ਕਾਰਕ ਕਿਸੇ ਵੀ ਸਮੇਂ ਤੁਹਾਡੇ ਵਿਅਕਤੀਗਤ ਡੇਟਾ ਦੀ ਸੁਰੱਖਿਆ ਨਾਲ ਸਮਝੌਤਾ ਕਰ ਸਕਦੇ ਹਨ।*

## 7. ਤੁਹਾਡੇ ਗੋਪਨੀਯਤਾ ਅਧਿਕਾਰ ਅਤੇ ਚੋਣਾਂ

*ਤੁਹਾਡੇ ਸਥਾਨ ਅਤੇ ਲਾਗੂ ਡੇਟਾ ਸੁਰੱਖਿਆ ਕਾਨੂੰਨਾਂ ਦੇ ਆਧਾਰ 'ਤੇ, ਤੁਹਾਡੇ ਨਿੱਜੀ ਡੇਟਾ ਨਾਲ ਸੰਬੰਧਿਤ ਕੁੱਝ ਅਧਿਕਾਰ ਹੋ ਸਕਦੇ ਹਨ। ਇਹਨਾਂ ਅਧਿਕਾਰਾਂ ਵਿੱਚ, ਕਿਸੇ ਵੀ ਅਪਵਾਦ ਜਾਂ ਸੀਮਾਵਾਂ ਦੇ ਨਾਲ, ਇਹ ਸ਼ਾਮਲ ਹੋ ਸਕਦੇ ਹਨ:*

| **ਅਧਿਕਾਰ** | **ਵਿਵਰਣ** |
|---|---|
| **ਜਾਣਨ ਦਾ ਅਧਿਕਾਰ** | ਇਹ ਜਾਣਨ ਦਾ ਅਧਿਕਾਰ ਕਿ ਤੁਹਾਡਾ ਕਿਹੜਾ ਵਿਅਕਤੀਗਤ ਡੇਟਾ ਇਕੱਤਰ ਕੀਤਾ ਜਾ ਰਿਹਾ ਹੈ ਅਤੇ ਕਿਸ ਉਦੇਸ਼ ਲਈ। |
| **ਪਹੁੰਚ ਦਾ ਅਧਿਕਾਰ** | ਆਪਣੇ ਵਿਅਕਤੀਗਤ ਡੇਟਾ ਦੀ ਇੱਕ ਕਾਪੀ ਮੰਗਣ ਦਾ ਅਧਿਕਾਰ। |
| **ਸੁਧਾਰ ਕਰਨ ਦਾ ਅਧਿਕਾਰ** | ਤੁਹਾਡੇ ਵਿਅਕਤੀਗਤ ਡੇਟਾ ਨੂੰ ਸੋਧਣ, ਸਹੀ ਜਾਂ ਅੱਪਡੇਟ ਕਰਵਾਉਣ ਦਾ ਅਧਿਕਾਰ। |
| **ਮਿਟਾਉਣ ਦਾ ਅਧਿਕਾਰ** | ਤੁਹਾਡੇ ਵਿਅਕਤੀਗਤ ਡੇਟਾ ਨੂੰ ਮਿਟਾਉਣ ਦਾ ਅਧਿਕਾਰ, ਜਿਸ ਵਿੱਚ ਕਿਸੇ ਵੀ ਤੀਜੀ-ਧਿਰ ਤੋਂ ਸ਼ਾਮਲ ਹੈ ਜਿੱਥੇ ਤੁਹਾਡਾ ਨਿੱਜੀ ਡੇਟਾ ਵੇਚਿਆ, ਸਾਂਝਾ ਕੀਤਾ ਜਾਂ ਪ੍ਰਗਟ ਕੀਤਾ ਗਿਆ ਹੈ। |
| **ਪ੍ਰੋਸੈਸ ਕਰਨ ਸੰਬੰਧੀ ਪਾਬੰਦੀ ਦਾ ਅਧਿਕਾਰ** | ਤੁਹਾਡੇ ਵਿਅਕਤੀਗਤ ਡੇਟਾ ਦੀ ਪ੍ਰੋਸੈਸਿੰਗ ਨੂੰ ਸੀਮਤ ਕਰਨ ਦਾ ਅਧਿਕਾਰ। |
| **ਇਤਰਾਜ਼ ਕਰਨ ਦਾ ਅਧਿਕਾਰ** | ਤੁਹਾਡੇ ਵਿਅਕਤੀਗਤ ਡੇਟਾ ਦੀ ਪ੍ਰਕਿਰਿਆ 'ਤੇ ਇਤਰਾਜ਼ ਕਰਨ ਦਾ ਅਧਿਕਾਰ। |

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

| | |
|---|---|
| **ਸਵੈਚਾਲਿਤ ਫੈਸਲਾ ਲੈਣ ਅਤੇ ਪ੍ਰੋਫ਼ਾਈਲਿੰਗ ਵਿਰੁੱਧ ਅਧਿਕਾਰ** | ਕਿਸੇ ਵੀ ਸਵੈਚਾਲਿਤ ਫੈਸਲੇ ਲੈਣ ਅਤੇ ਪ੍ਰੋਫ਼ਾਈਲਿੰਗ ਦੇ ਅਧੀਨ ਨਾ ਹੋਣ ਦਾ ਅਧਿਕਾਰ। |
| **ਡੇਟਾ ਪੋਰਟੇਬਲਿਟੀ ਦਾ ਅਧਿਕਾਰ** | ਤੁਹਾਡਾ ਵਿਅਕਤੀਗਤ ਡੇਟਾ ਇੱਕ ਢਾਂਚਾਗਤ, ਆਮ ਤੌਰ 'ਤੇ ਵਰਤੇ ਜਾਣ ਵਾਲੇ ਅਤੇ ਮਸ਼ੀਨ-ਪੜ੍ਹਨਯੋਗ ਫਾਰਮੈਟ ਵਿੱਚ ਪ੍ਰਾਪਤ ਕਰਨ ਦਾ ਅਧਿਕਾਰ। |
| **ਸਹਿਮਤੀ ਵਾਪਸ ਲੈਣ ਦਾ ਅਧਿਕਾਰ** | ਕਿਸੇ ਵੀ ਸਮੇਂ ਸਹਿਮਤੀ ਵਾਪਸ ਲੈਣ ਦਾ ਅਧਿਕਾਰ (ਜਦੋਂ ਤੱਕ ਪ੍ਰਕਿਰਿਆ ਸਹਿਮਤੀ 'ਤੇ ਅਧਾਰਤ ਹੁੰਦੀ ਹੈ)। ਇਸ ਵਾਪਸੀ ਨਾਲ, ਵਾਪਸੀ ਤੋਂ ਪਹਿਲਾਂ ਸਹਿਮਤੀ ਦੇ ਆਧਾਰ 'ਤੇ ਪ੍ਰੋਸੈਸਿੰਗ ਦੀ ਕਨੂੰਨੀ ਵੈਧਤਾ ਨੂੰ ਪ੍ਰਭਾਵਤ ਨਹੀਂ ਕਰੇਗੀ। |
| **ਔਪਟ-ਆਉਟ ਕਰਨ ਦਾ ਅਧਿਕਾਰ** | ਤੁਹਾਡੇ ਵਿਅਕਤੀਗਤ ਡੇਟਾ ਦੀ 'ਵਿਕਰੀ' ਜਾਂ 'ਸਾਂਝਾਕਰਨ' ਤੋਂ ਔਪਟ-ਆਉਟ ਕਰਨ ਦਾ ਅਧਿਕਾਰ। |
| **ਪੱਖਪਾਤ ਵਿਰੁੱਧ ਅਧਿਕਾਰ** | ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਪੱਖਪਾਤ ਨਾ ਕੀਤੇ ਜਾਣ ਦਾ ਅਧਿਕਾਰ। |
| **ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ** | ਤੁਹਾਡੇ ਗੋਪਨੀਯਤਾ ਅਧਿਕਾਰਾਂ ਦੀ ਸ਼ੱਕੀ ਜਾਂ ਅਸਲ ਉਲੰਘਣਾ ਲਈ ਸੰਬੰਧਿਤ ਡੇਟਾ ਸੁਰੱਖਿਆ ਅਥਾਰਟੀ ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ। |

***ਤੁਹਾਡੇ ਵਾਸਤੇ ਉਪਲਬਧ ਕਿਸੇ ਵੀ ਗੋਪਨੀਯਤਾ ਅਧਿਕਾਰ ਦੀ ਵਰਤੋਂ ਕਰਨ ਵਾਸਤੇ, ਤੁਸੀਂ ਜਾਂ ਤੁਹਾਡਾ ਅਧੀਕਿਰਤ ਏਜੰਟ ਇਹ ਡੇਟਾ ਪ੍ਰਿੰਸੀਪਲ ਰਾਈਟ ਫਾਰਮ ਭਰ ਸਕਦੇ ਹਨ।***

*ਅਸੀਂ ਲਿਖਤੀ, ਹਸਤਾਖ਼ਰਿਤ ਇਜਾਜ਼ਤ ਮੰਗਾਂਗੇ ਕਿ ਏਜੰਟ ਨੂੰ ਤੁਹਾਡੀ ਤਰਫ਼ੋਂ ਕੰਮ ਕਰਨ ਵਾਸਤੇ ਅਧੀਕਿਰਤ ਕੀਤਾ ਗਿਆ ਹੈ। ਅਸੀਂ ਤੁਹਾਡੀ ਗੋਪਨੀਯਤਾ ਅਧਿਆਕਰਾਂ ਸੰਬੰਧੀ ਬੇਨਤੀ ਦੀ ਸਮੀਖਿਆ ਕਰਾਂਗੇ ਅਤੇ ਲਾਗੂ ਡੇਟਾ ਸੁਰੱਖਿਆ ਕਨੂੰਨਾਂ ਦੇ ਅਨੁਸਾਰ, ਤੁਹਾਡੀ ਪਛਾਣ ਅਤੇ ਤੁਹਾਡੇ ਏਜੰਤ ਨੂੰ ਦਿੱਤੇ ਗਏ ਪ੍ਰਮਾਣੀਕਰਨ ਦੇ ਪੁਸ਼ਟੀਕਰਨ ਤੋਂ ਬਾਅਦ, ਜਿੰਨਾ ਜਲਦੀ ਹੋ ਸਕੇ ਤੁਹਾਨੂੰ ਜਵਾਬ ਦੇਵਾਂਗੇ।*

*ਜੇਕਰ ਅਸੀਂ ਤੁਹਾਡੀ ਬੇਨਤੀ ਪੂਰੀ ਨਹੀਂ ਕਰ ਪਾਉਂਦੇ ਹਾਂ ਤਾਂ ਅਸੀਂ ਤੁਹਾਨੂੰ ਆਪਣੇ ਫੈਸਲੇ ਦਾ ਕਾਰਨ ਦੱਸ ਦੇਵਾਂਗੇ। ਤੁਹਾਨੂੰ ਸੰਬੰਧਿਤ ਡੇਟਾ ਸੁਰੱਖਿਆ ਅਥਾਰਿਟੀ ਵਿੱਚ ਸ਼ਿਕਾਇਤ ਦਰਦ ਕਰਵਾਉਣ ਦਾ ਵੀ ਅਧਿਕਾਰ ਹੈ।*

***ਮਾਰਕੀਟਿੰਗ ਤਰਜੀਹਾਂ***

*ਤੁਸੀਂ ਈਮੇਲ ਵਿੱਚ ਦਿੱਤੀਆਂ ਗਈਆਂ ਉਹਨਾਂ ਹਿਦਾਇਤਾਂ ਦੀ ਪਾਲਣ ਕਰਕੇ ਸਾਡੇ ਤੋਂ ਪ੍ਰਚਾਰਕ ਈਮੇਲ ਪ੍ਰਾਪਤ ਕਰਨ ਦਾ ਵਿਕਲਪ ਚੁਣ ਸਕਦੇ ਹੋ। ਜੇਕਰ ਤੁਸੀਂ ਔਪਟ-ਆਉਟ ਕਰਦੇ ਹੋ ਤਾਂ ਤੁਹਾਨੂੰ ਸੇਵਾਵਾਂ ਨਾਲ ਜੁੜੇ ਅਤੇ ਦੂਜੇ ਨਾਨ-ਮਾਰਕੀਟਿੰਗ ਈਮੇਲ ਮਿਲਦੇ ਰਹਿ ਸਕਦੇ ਹਨ।*

## *8. ਡੇਟਾ ਸਥਾਨੀਕਰਨ*

*ਕੰਪਨੀ ਭਾਰਤੀ ਰਿਜ਼ਰਵ ਬੈਂਕ ਦੇ ਮਾਸਟਰ ਡਾਇਰੈਕਸ਼ਨ ਅਤੇ ਲਾਗੂ ਕਨੂੰਨੀ ਜ਼ਰੂਰਤਾਂ ਦ ਅਨੁਸਾਰ ਇੱਕ ਸਖ਼ਤ ਡੇਟਾ ਸਥਾਨੀਕਰਨ ਨੀਤੀ ਦੀ ਪਾਲਣਾ ਕਰਦੀ ਹੈ। ਸਾਰੇ ਨਿਯੰਤ੍ਰਿਤ ਗਾਹਕ ਡੇਟਾ, ਵਿੱਤੀ ਜਾਣਕਾਰੀ, ਅਤੇ ਭੁਗਤਾਨ ਨਾਲ ਸੰਬੰਧਿਤ ਡੇਟਾ ਨੂੰ ਸਿਰਫ਼ ਭਾਰਤ ਵਿੱਚ ਸਥਿਤ ਡੇਟਾ ਸੈਂਟਰਾਂ ਦੇ ਅੰਦਰ ਹੀ ਸਟੋਰ, ਪ੍ਰੋਸੈਸ ਅਤੇ ਸੰਭਾਲਿਆ ਜਾਵੇਗਾ।*

*ਕਿਸੇ ਵੀ ਸਥਿਤੀ ਵਿੱਚ ਅਜਿਹੇ ਡਾਟਾ ਨੂੰ ਕ੍ਰਾਸ-ਬਾਰਡਰ ਟ੍ਰਾਂਸਫ਼ਰ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਸਿਵਾਏ ਉਦੋਂ ਜਦੋਂ ਭਾਰਤੀ ਕਨੂੰਨ ਵਿੱਚ ਸਪੱਸ਼ਟ ਤੌਰ 'ਤੇ ਅਜਿਹਾ ਕਰਨਾ ਜ਼ਰੂਰੀ ਹੋਵੇ ਜਾਂ ਭਾਰਤੀ ਰਿਜ਼ਰਵ ਬੈਂਕ ਨੇ ਖ਼ਾਸ ਤੌਰ 'ਤੇ ਇਸ ਦੀ ਮਨਜ਼ੂਰੀ ਦਿੱਤੀ ਹੋਵੇ। ਅਜਿਹੇ ਬਹੁਤ ਘੱਟ ਮਾਮਲਿਆਂ ਵਿੱਚ, ਕੰਪਨੀ ਇਹ ਯਕੀਨੀ ਬਣਾਏਗੀ ਕਿ ਟ੍ਰਾਂਸਫ਼ਰ ਨਾਲ ਭਾਰਤੀ ਰਿਜ਼ਰਵ ਬੈਂਕ ਜਾਂ ਦੂਜੀਆਂ ਸਮਰੱਥ ਅਥਾਰਿਟੀਆਂ ਦੇ ਰੈਗੂਲੇਟਰੀ ਜਾਂ ਸੁਪਰਵਾਇਜ਼ਰੀ ਐਕਸੇਸ ਵਿੱਚ ਕੋਈ ਰੁਕਾਵਟ ਨਾ ਆਵੇ।*

*ਕੰਪਨੀ ਨਾਲ ਜੁੜੇ ਸਾਰੀਆਂ ਸਮੂਹ ਇਕਾਈਆਂ, ਸੇਵਾ ਪ੍ਰਦਾਤਾ, ਪ੍ਰੋਸੈਸਰ ਅਤੇ ਭਾਗੀਦਾਰ ਇਹਨਾਂ ਡੇਟਾ ਸਥਾਨੀਕਰਨ ਨੀਤੀਆਂ ਦੀ ਪਾਲਣਾ ਕਰਨਗੇ। ਕੰਪਨੀ ਇਸ ਜ਼ਰੂਰਤ 'ਤੇ ਲਗਾਤਾਰ ਪਾਲਣ ਹੋ ਰਿਹਾ ਹੈ ਜਾਂ ਨਹੀਂ, ਇਹ ਪੁਸ਼ਟੀ ਕਰਨ ਵਾਸਤੇ ਸਮੇਂ-ਸਮੇਂ 'ਤੇ ਤੀਜੀ-ਧਿਰ ਪ੍ਰਬੰਧ ਦੀ ਸਮੀਖਿਆ ਅਤੇ ਔਡਿਟ ਕਰੇਗੀ।*

*ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

## 9. ਬੱਚਿਆਂ ਦੀ ਗੋਪਨੀਯਤਾ

ਸਾਡੀਆਂ ਵੈੱਬਸਾਈਟਾਂ ਅਤੇ ਸੇਵਾਵਾਂ ਬੱਚਿਆਂ ਲਈ ਨਹੀਂ ਹਨ। ਅਸੀਂ ਜਾਣਬੁੱਝ ਕੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਵਿਅਕਤੀਗਤ ਡੇਟਾ ਇਕੱਠਾ ਨਹੀਂ ਕਰਦੇ।

ਜੇਕਰ ਤੁਸੀਂ ਬੱਚੇ ਹੋ, ਤਾਂ ਕਿਰਪਾ ਕਰਕੇ ਸੇਵਾਵਾਂ ਜਾਂ ਸਮਾਗਮਾਂ ਲਈ ਰਜਿਸਟਰ ਕਰਨ ਦੀ ਕੋਸ਼ਿਸ਼ ਨਾ ਕਰੋ ਜਾਂ ਸਾਨੂੰ ਆਪਣੇ ਬਾਰੇ ਕੋਈ ਵਿਅਕਤੀਗਤ ਡੇਟਾ ਨਾ ਭੇਜੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਅਸੀਂ ਗਲਤੀ ਨਾਲ ਜਾਂ ਅਣਜਾਣੇ ਵਿੱਚ ਕਿਸੇ ਬੱਚੇ ਦਾ ਨਿੱਜੀ ਡੇਟਾ ਇਕੱਠਾ ਕੀਤਾ ਹੈ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ 'ਸਾਡੇ ਨਾਲ ਸੰਪਰਕ ਕਰੋ' ਭਾਗ ਵਿੱਚ ਦਿੱਤੀ ਜਾਣਕਾਰੀ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਸਾਡੇ ਕੋਲ ਮੌਜੂਦ ਉਨ੍ਹਾਂ ਦੇ ਨਿੱਜੀ ਡੇਟਾ ਨੂੰ ਮਿਟਾਉਣ ਲਈ ਕਦਮ ਚੁੱਕਾਂਗੇ।

## 10. ਇਸ ਗੋਪਨੀਯਤਾ ਨੀਤੀ ਵਿੱਚ ਬਦਲਾਵ

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਨੀਤੀ ਸਮੇਂ-ਸਮੇਂ 'ਤੇ ਨਵੀਆਂ ਤਕਨਾਲੋਜੀਆਂ, ਉਦਯੋਗਿਕ ਮਾਪਦੰਡਾਂ ਅਤੇ ਕਨੂੰਨੀ ਜ਼ਰੂਰਤਾਂ ਦੇ ਨਾਲ-ਨਾਲ ਹੋਰ ਕਾਰਨਾਂ ਕਰਕੇ ਬਦਲ ਸਕਦੀ ਹੈ। ਇਸ ਅਨੁਸਾਰ ਸੋਧੀ ਹੋਈ ਨੀਤੀ ਇਸ ਪੰਨੇ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ: www.oxyzo.in ਕਿਰਪਾ ਕਰਕੇ ਇਸ ਗੋਪਨੀਯਤਾ ਨੀਤੀ ਨੂੰ ਨਿਯਮਿਤ ਤੌਰ 'ਤੇ ਵੇਖੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਨਵੀਨਤਮ ਅੱਪਡੇਟਾਂ ਤੋਂ ਜਾਣੂ ਹੋ।

ਇਹ ਨੀਤੀ ਆਖ਼ਰੀ ਵਾਰ _______ ਨੂੰ ਅੱਪਡੇਟ ਕੀਤੀ ਗਈ ਸੀ ਅਤੇ ਇਹ ਵਿਸ਼ੇ 'ਤੇ ਕਿਸੇ ਵੀ ਅਤੇ ਸਾਰੀਆਂ ਮੌਜੂਦਾ ਨੀਤੀਆਂ ਨੂੰ ਰੱਦ ਕਰਦੀ ਹੈ।

## 11. ਸਾਡੇ ਨਾਲ ਸੰਪਰਕ ਕਰੋ

ਇਸ ਨੀਤੀ ਬਾਰੇ ਕਿਸੇ ਵੀ ਸਵਾਲ ਜਾਂ ਚਿੰਤਾਵਾਂ ਲਈ, ਸਾਡੇ ਸ਼ਿਕਾਇਤ ਨਿਵਾਰਣ ਅਧਿਕਾਰੀ/ਡੇਟਾ ਸੁਰੱਖਿਆ ਅਧਿਕਾਰੀ ਨਾਲ ਇਸ ਰਾਹੀਂ ਸੰਪਰਕ ਕਰੋ:

**1. ਗ੍ਰੀਵੈਂਸ ਰਿਡ੍ਰੈੱਸਲ ਅਫ਼ਸਰ**
**ਨਾਮ:** ਸ਼੍ਰੀ ਅਭਿਸ਼ੇਕ ਗੋਇਲ (Mr. Abhishek Goyal)
**ਈਮੇਲ:** grievanceredressal@oxyzo.in
**ਫ਼ੋਨ:** +91-7353013499
**ਘੰਟੇ:** ਸਵੇਰੇ 10:30 ਵਜੇ ਤੋਂ ਸ਼ਾਮ 6:00 ਵਜੇ ਤੱਕ, ਸੋਮਵਾਰ ਤੋਂ ਸ਼ੁੱਕਰਵਾਰ (ਜਨਤਕ ਛੁੱਟੀਆਂ ਤੋਂ ਬਿਨਾਂ)

ਅਸੀਂ ਸੁਰੱਖਿਆ ਲਈ ਪਛਾਣ ਪੁਸ਼ਟੀਕਰਨ ਦੇ ਨਾਲ, 30 ਦਿਨਾਂ ਦੇ ਅੰਦਰ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹਾਂ।
ਜੇਕਰ ਤੁਸੀਂ ਸ਼ਿਕਾਇਤ ਨਿਵਾਰਣ ਤੋਂ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਭਾਰਤੀ ਡੇਟਾ ਸੁਰੱਖਿਆ ਬੋਰਡ ਨਾਲ ਸੰਪਰਕ ਕਰ ਸਕਦੇ ਹੋ।

**2. ਡੇਟਾ ਸੁਰੱਖਿਆ ਅਫ਼ਸਰ**
**ਨਾਮ:**
**ਈਮੇਲ:**
**ਫ਼ੋਨ:**
**ਪਤਾ:**

ਭਾਰਤ ਵਿੱਚ ਸਥਿਤ DPO, ਬੇਨਤੀ ਪ੍ਰਾਪਤ ਹੋਣ ਤੋਂ 30 ਦਿਨਾਂ ਦੇ ਅੰਦਰ ਬੇਨਤੀਆਂ ਦਾ ਜਵਾਬ ਦਿੰਦਾ ਹੈ।

ਨੋਟ - ਇਹ ਦਸਤਾਵੇਜ਼ Oxyzo Financial Services Limited ਦੁਆਰਾ ਬਣਾਇਆ ਗਿਆ ਹੈ। ਇਸ ਦਸਤਾਵੇਜ਼ ਦੀ ਵਰਤੋਂ ਸਿਰਫ਼ ਅਧਿਕਾਰਤ ਕਰਮਚਾਰੀਆਂ ਦੁਆਰਾ ਇਸਦੇ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਦਸਤਾਵੇਜ਼ ਦੇ ਕਿਸੇ ਵੀ ਹਿੱਸੇ ਨੂੰ Oxyzo Financial Services Limited ਤੋਂ ਇਲਾਵਾ ਕਿਸੇ ਹੋਰ ਦੁਆਰਾ ਅਧੂਰੇ ਤੌਰ 'ਤੇ ਜਾਂ ਪੂਰੀ ਤਰ੍ਹਾਂ ਦੁਬਾਰਾ ਨਹੀਂ ਬਣਾਇਆ ਜਾਵੇਗਾ। ਇਸ ਦਸਤਾਵੇਜ਼ ਦੀ ਸਮੱਗਰੀ ਨਾਲ ਸਬੰਧਤ ਕੋਈ ਵੀ ਮੁੱਦਾ Oxyzo Financial Services Limited ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।